ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।
(ਰਿਣ ਸਾਖਾ-1)

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/40% 15815 ਮਿਤੀ/ 6/12/18

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 40% ਸਬਸਿਡੀ ਤਹਿਤ ਐਗਰੋ ਸਰਵਿਸ ਸੈਂਟਰ ਅਪਗ੍ਰੇਡ ਕਰਨ ਸਬੰਧੀ ਸਬਸਿਡੀ ਦੇ ਕੇਸ ਭੇਜਣ ਬਾਰੇ

ਉਪਰੋਕਤ ਵਿਸ਼ੇ ਸਬੰਧੀ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ,ਸੰਗਰੂਰ ਵੱਲੋ ਆਪਣੇ ਪੱਤਰ ਨੰਬਰ/931 ਮਿਤੀ 30-11-18 ਰਾਹੀ ਆਪਣੇ ਸਰਕਲ ਦੀਆਂ 2 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾ ਵੱਲੋ **In-Situ Management of Crop Residue** ਸਕੀਮ ਤਹਿਤ ਖਰੀਦੇ ਗਏ 6 ਸੰਦਾਂ ਤੇ ਸਕੀਮ ਅਨੁਸਾਰ ਬਣਦੀ 40% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ।ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 2 ਸਭਾਵਾਂ ਦੀ 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੀ 6 ਸੰਦਾਂ ਦੀ ਸਬਸਿਡੀ ਦੀ ਕੁੱਲ ਰਕਮ ਮੁਬ: **8,05,200** (ਅੱਠ ਲੱਖ ਪੰਜ ਹਜਾਰ ਦੋ ਸੋ ) ਰੁਪੈ ਬਣਦੀ ਹੈ।ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:000234003100001 ਵਿੱਚੋ ਟਰਾਂਸਫਰ ਕੀਤੀ ਜਾਵੇ।ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਰ.ਸੀ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ । ਇਸ ਸਬੰਧੀ ਆਪ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ,ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-1/ 15816-17 ਮਿਤੀ/ 6/12/18
ਉਪਰੋਕਤ ਦਾ ਉਤਾਰਾ:-

1. ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਸੰਗਰੂਰ ਨੂੰ ਉਨਾਂ ਦੇ ਪੱਤਰ ਨੰਬਰ ਡੀ.ਆਰ./931 ਮਿਤੀ 30-11-18 ਦੇ ਹਵਾਲੇ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੁਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਉਪ ਰਜਿਸਟਰਾਰ ਅਤੇ ਸਹਾਇਕ ਰਜਿਸਟਰਾਰ ਪਾਸੋਂ ਲੋੜੀਦੀ ਪਾਲਣਾ ਯਕੀਨੀ ਬਣਾਈ ਜਾਵੇ।
2. ਸੰਯੁਕਤ ਰਜਿਸਟਰਾਰ ਸ/ਸ ਪਟਿਆਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਵੱਲੋ ਭੇਜੀ ਗਈ ਤਜਵੀਜ ਬਾਰੇ ਉਹ ਇਹ ਯਕੀਨੀ ਬਣਾਉਣ ਕਿ ਇਸ ਦਫਤਰ ਵੱਲੋ ਜਾਰੀ ਹਦਾਇਤਾਂ /Policy ਅਧੀਨ ਸਭਾਵਾਂ ਵੱਲੋ ਕਲੇਮ ਕੀਤੀ ਜਾ ਰਹੀ Subsidy ਦੀ ਰਕਮ ਨਿਰਧਾਰਤ ਤੋਂ ਕਿਸੇ ਵੀ ਹਾਲਤ ਵਿੱਚ ਨਾ ਵਧੇ। ਅਜਿਹਾ ਹੋਣ ਦੀ ਸੂਰਤ ਵਿੱਚ ਡੀ.ਆਰ/ਏ.ਆਰ ਨਿੱਜੀ ਤੋਰ ਤੇ ਜਿੰਮੇਵਾਰ ਹੋਣਗੇ।

ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ ਚੰਡੀਗੜ੍ਹ

ਨੰਬਰ: ਡੀ.ਆਰ/ਐਸ.ਏ/...931

ਵੱਲੋਂ:

ਮਿਤੀ...30/11/18

ਉਪ ਰਜਿਸਟਰਾਰ
ਸਹਿਕਾਰੀ ਸਭਾਵਾਂ, ਸੰਗਰੂਰ।

ਸੇਵਾ ਵਿਖੇ,

ਰਜਿਸਟਰਾਰ
ਸਹਿਕਾਰੀ ਸਭਾਵਾਂ ਪੰਜਾਬ
ਚੰਡੀਗੜ੍ਹ।

ਵਿਸ਼ਾ:-In Situ Management of ਐਗਰੋ ਸਰਵਿਸ ਸੈਂਟਰ ਅੱਪਗ੍ਰੇਡ ਕਰਨ ਅਧੀਨ 40% ਸਬਸਿਡੀ ਜਾਰੀ ਕਰਨ ਬਾਰੇ।

ਉਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਸੁਨਾਮ, ਸੰਗਰੂਰ ਅਤੇ ਧੂਰੀ ਦੀ ਰਿਪੋਰਟ ਅਨੁਸਾਰ ਆਪ ਜੀ ਦੇ ਦਫਤਰ ਦੇ ਪੱਤਰ ਨੰ: ਰਸਸ/ਰਿਣ-1/ ਸੀ.ਏ.-2/ 491 ਮਿਤੀ 22.06.2018 ਰਾਹੀਂ ਪ੍ਰਵਾਨ ਹੋਏ 40% ਸਬਸਿਡੀ ਲਈ ਖੇਤੀਬਾੜੀ ਮਸ਼ਿਨਰੀ ਇਸ ਸਰਕਲ ਦੀਆਂ ਨਿਮਨ ਲਿਖਤ ਸਭਾਵਾਂ ਵੱਲੋਂ ਖਰੀਦ ਕਰ ਲਈ ਹੈ। ਸੋ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਸੁਨਾਮ ਸੰਗਰੂਰ ਅਤੇ ਧੂਰੀ ਦੀ ਸ਼ਿਫਾਰਸ਼ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੀਆਂ ਸਭਾਵਾਂ ਨੂੰ ਨਿਮਨਲਿਖਤ ਅਨੁਸਾਰ 40% ਸਬਸਿਡੀ ਜਾਰੀ ਕਰਵਾਉਣ ਲਈ ਕੇਸ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੇ ਜਾਂਦੇ ਹਨ।

| ਲੜੀ ਨੰ: | ਸਭਾ ਦਾ ਨਾਮ | ਸੰਦਾਂ ਦੀ ਗਿਣਤੀ | ਖੇਤੀਬਾੜੀ ਸੰਦਾ ਨਾਮ | ਮੈਨੂਫੈਕਚਰ/ ਡੀਲਰ ਦਾ ਨਾਮ | ਖਾਤਾ ਨੰ: | ਆਈ.ਐਫ.ਸੀ. ਕੋਡ | 80% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ |
|---|---|---|---|---|---|---|---|
| 1 | ਦੀ ਬੁਗਰਾ ਸੀ.ਏ.ਐਸ.ਐਸ. ਲਿਮ: | 1 | ਟਰੈਕਟਰ | ਨਿਊ ਹਾਉਲੈਂਡ | 18153440020000007 | SBIN0050398 | 240000 |
| | | 1 | ਲੇਜਰ ਲੈਵਲਿੰਗ | | | | 152000 |
| | | | ਡਿਸਕ ਜਿੰਦਰਾ | | | | 7600 |
| | ਦੀ ਬੇਨੜਾ ਸੀ.ਏ.ਐਸ.ਐਸ. ਲਿਮ: | 1 | ਟਰੈਕਟਰ | ਨਿਊ ਹਾਉਲੈਂਡ | 18153440020000016 | SBIN0050398 | 240000 |
| | | 1 | ਲੇਜਰ ਲੈਵਲਿੰਗ | | | | 158000 |
| | | 1 | ਡਿਸਕ ਜਿੰਦਰਾ | | | | 7600 |

ਕੀ:- 2ਕੇਸ

ਸੰਦਾ ਦਾ ਵੇਰਵਾ

ਟਰੈਕਟਰ=2

ਲੇਜ਼ਰ ਲੈਵਲਰ=2

ਡਿਸਕ ਜਿੰਦਰਾ=2

ਕੁੱਲ ਸੰਦ = 6

ਉਪ ਰਜਿਸਟਰਾਰ

ਸਹਿਕਾਰੀ ਸਭਾਵਾਂ, ਸੰਗਰੂਰ।

ਪਿੱਠ ਅੰਕਣ ਨੰ: ਡੀ.ਆਰ/ਐਸ.ਏ/ ................. ਮਿਤੀ ..................

ਉਪਰੋਕਤ ਦਾ ਉਤਾਰਾ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ, ਪਟਿਆਲਾ ਮੰਡਲ, ਪਟਿਆਲਾ ਜੀ ਨੂੰ ਸੂਚਨਾਂ ਹਿੱਤ।

ਉਪ ਰਜਿਸਟਰਾਰ

ਸਹਿਕਾਰੀ ਸਭਾਵਾਂ, ਸੰਗਰੂਰ।

# ਪ੍ਰਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋਂ 40% ਸਬਸਿਡੀ ਤਹਿਤ ਖਰੀਦ ਕੀਤੇ ਸੰਦ

| | ਦਾ ਨਾਮ | ਸਭਾ ਦਾ ਨਾਮ | ਜਿਲ੍ਹਾਂ ਦਾ ਨਾਮ<br>ਸੰਦਾ ਦੇ ਨਾਮ | ਸਕੀਮ ਅਨੁਸਾਰ ਸਬਸਿਡੀ ਲਈ ਨਿਰਧਾਰਿਤ ਕੀਤੀ ਗਈ ਕੀਮਤ (ਪ੍ਰਤੀ ਸੰਦ) | ਸਕੀਮ ਅਨੁਸਾਰ 40% ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ | ਖਰੀਦ ਕੀਤੇ ਗਏ ਸੰਦਾ ਦੀ ਗਿਣਤੀ | ਕੁੱਲ ਕੀਮਤ | ਸਕੀਮ ਅਨੁਸਾਰ 40% ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ | ਡੀ.ਆਰ ਵੱਲੋਂ ਭੇਜੀ ਗਈ 40% ਸਬਸਿਡੀ ਦੀ ਰਕਮ ਦਾ ਵੇਰਵਾ | ਲਾਭਪਾਤਰੀ /ਫਰਮ ਦਾ ਨਾਮ/ਸਭਾ ਦਾ ਨਾਮ | ਖਾਤਾ ਨੰ. | ਆਈ.ਐਫ.ਸੀ.ਕੋਡ | ਬੈਕ ਅਤੇ ਸਾਖਾ ਦਾ ਨਾਮ |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| 1 | ਸੰਗਰੂਰ | ਦੀ ਬੁਗਰਾ ਸੀ.ਏ.ਐਸ. ਐਸ. ਲਿਮ: | ਟਰੈਕਟਰ | 600000 | 240000 | 1 | 790000 | 240000 | 240000 | ਨਿਊ ਹਾਓਲੈਂਡ | 181534002000007 | SBIN0050398 | ਡਿਸਟਿਕ ਕੋਆਪ.ਬੈਂਕ ਸੰਗਰੂਰ |
| | | | ਲੇਜਰ ਲੈਵਲਿੰਗ | 400000 | 152000 | 1 | 380000 | 152000 | 152000 | | 181534002000007 | SBIN0050398 | |
| | | | ਡਿਸਕ ਜਿੰਦਰਾ | 19000 | 7600 | 1 | 19000 | 7600 | 7600 | | 181534002000007 | UTIB0SCCB01 | |
| 2 | ਸੰਗਰੂਰ | ਦੀ ਬੇਨੜਾ ਸੀ.ਏ.ਐਸ. ਐਸ. ਲਿਮ: | ਟਰੈਕਟਰ | 600000 | 240000 | 1 | 750000 | 240000 | 240000 | ਨਿਊ ਹਾਓਲੈਂਡ | 181534002000016 | UTIB0SCCB01 | ਡਿਸਟਿਕ ਕੋਆਪ.ਬੈਂਕ ਸੰਗਰੂਰ |
| | | | ਲੇਜਰ ਲੈਵਲਿੰਗ | 400000 | 158000 | 1 | 395000 | 158000 | 158000 | | 181534002000016 | UTIB0SCCB01 | |
| | | | ਡਿਸਕ ਜਿੰਦਰਾ | 19000 | 7600 | 1 | 19000 | 7600 | 7600 | | 181534002000016 | UTIB0SCCB01 | |
| | | | | | 805200 | 6 | 2353000 | 805200 | 805200 | | | | |

ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ, ਸੰਗਰੂਰ